## PART – A
### ਪੰਜਾਬੀ ਭਾਸ਼ਾ

1. ਦੇਸੀ ਮਹੀਨੇ 'ਕੱਤਕ' ਤੋਂ ਪਹਿਲਾਂ ਕਿਹੜਾ ਮਹੀਨਾ ਆਉਂਦਾ ਹੈ?
(A) ਪੋਹ (B) ਫੱਗਣ (C) ਮੱਘਰ (D) ਅੱਸੂ

2. ਦੇਸੀ ਮਹੀਨਿਆਂ ਦਾ ਪੰਜਵਾਂ ਮਹੀਨਾ ਕਿਹੜਾ ਹੈ?
(A) ਸਾਉਣ (B) ਕੱਤਕ (C) ਪੋਹ (D) ਜੇਠ

3. ਅੰਕ 19 ਲਈ ਪੰਜਾਬੀ ਵਿਚ ਠੀਕ ਸ਼ਬਦ-ਜੋੜ ਹੈ:
(A) ਉਨੀ (B) ਉਨ੍ਹੀ (C) ਉਂਨੀ (D) ਉੱਨੀ

4. ਅੰਕ 50 ਲਈ ਪੰਜਾਬੀ ਵਿੱਚ ਠੀਕ ਸ਼ਬਦ-ਜੋੜ ਹੈ:
(A) ਪੰਜਾਹ (B) ਪਜਾਹ (C) ਪੰਜਾ (D) ਪੰਜਾਅ

5. ਹੇਠ ਲਿਖਿਆਂ ਵਿੱਚੋਂ ਕਿਹੜੀ ਉਪ-ਭਾਸ਼ਾ ਚੜ੍ਹਦੇ ਪੰਜਾਬ ਵਿਚ ਨਹੀਂ ਬੋਲੀ ਜਾਂਦੀ?
(A) ਮਾਝੀ (B) ਦੁਆਬੀ (C) ਪੋਠੋਹਾਰੀ (D) ਪੁਆਧੀ

6. ਬਰਨਾਲਾ ਜ਼ਿਲ੍ਹੇ ਵਿੱਚ ਕਿਹੜੀ ਉਪ-ਭਾਸ਼ਾ ਬੋਲੀ ਜਾਂਦੀ ਹੈ?
(A) ਦੁਆਬੀ (B) ਪੁਆਧੀ (C) ਮਲਵਈ (D) ਪੋਠੋਹਾਰੀ

7. ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕਦੋਂ ਹੋਇਆ?
(A) 1961 (B) 1962 (C) 1964 (D) 1966

8. ਹੇਠ ਲਿਖਿਆਂ ਵਿੱਚੋਂ ਕਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਹੈ?
(A) ਅਕਾਲ ਉਸਤਤ (B) ਬਾਵਨ ਅੱਖਰੀ (C) ਬਚਿਤ੍ਰ ਨਾਟਕ (D) ਗਿਆਨ ਪ੍ਰਬੋਧ

9. ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਪਾਸੋਂ ਰਖਵਾਈ?
(A) ਸਾਈਂ ਮੀਆਂ ਮੀਰ (B) ਗੁਰੂ ਰਾਮਦਾਸ ਜੀ (C) ਸ਼ਾਹ ਹੁਸੈਨ (D) ਭਾਈ ਗੁਰਦਾਸ ਜੀ

10. "ਅੱਖ ਸਲਾਈ" ਦੀ ਰਸਮ ਦਾ ਸੰਬੰਧ ਹੈ?
(A) ਮੌਤ ਨਾਲ (B) ਵਿਆਹ ਨਾਲ
(C) ਜਨਮ ਨਾਲ (D) ਉਪਰੋਕਤ ਵਿੱਚੋਂ ਕੋਈ ਨਹੀਂ।

11. ਖ਼ੁਸ਼ੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਕਰਨ ਵਾਲੇ ਸ਼ਬਦਾਂ ਨਾਲ ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸਰਾਮ-ਚਿੰਨ੍ਹ ਦੀ ਵਰਤੋਂ ਹੁੰਦੀ ਹੈ?
(A) ਛੁੱਟ ਮਰੋੜੀ (B) ਪ੍ਰਸ਼ਨਚਿੰਨ੍ਹ (C) ਵਿਸਮਕ ਚਿੰਨ੍ਹ (D) ਕਾਮਾ

12. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ-ਜੋੜ ਠੀਕ ਨਹੀਂ ਹੈ?
(A) ਚੂੰਢੀ (B) ਮਦਾਣੀ (C) ਸੂਝ (D) ਢਾਡੀ

13. ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ-ਜੋੜ ਚੁਣੋ:
(A) ਦੁਪੈਹਰ (B) ਸਾਂਜ (C) ਕਚਹਿਰੀ (D) ਮਾਗੀ

14. ਗੁਰੂ ਰਾਮਦਾਸ ਜੀ ਦਾ ਜਨਮ ਕਿੱਥੇ ਹੋਇਆ?
(A) ਬਾਸਰਕੇ (B) ਗੋਇੰਦਵਾਲ (C) ਮੱਤੇ ਦੀ ਸਰਾਏ (D) ਚੂਨਾ ਮੰਡੀ

15. ਚੀਨੀ ਯਾਤਰੀ ਹਿਊਨਸਾਂਗ ਨੇ 'ਪੰਜਾਬ' ਲਈ ਹੇਠ ਲਿਖਿਆ ਵਿੱਚੋਂ ਕਿਹੜਾ ਸ਼ਬਦ ਵਰਤਿਆ?
(A) ਸੇਕੀਆ (B) ਪੈਂਟਾਪੋਟਾਮੀਆ (C) ਪੰਚਨਦ (D) ਸਪਤ ਸਿੰਧੂ

16. "ਸ੍ਰੀ ਆਦਿ ਗ੍ਰੰਥ ਸਾਹਿਬ" ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕਦੋਂ ਕੀਤੀ?
(A) 1603 (B) 1604 (C) 1605 (D) 1606

17. ਹੇਠ ਲਿਖਿਆਂ ਵਿੱਚੋਂ 'ਸ਼ੁਮ' ਦਾ ਵਿਰੋਧੀ ਸ਼ਬਦ ਹੈ:
(A) ਸੰਗਮ (B) ਪੁਸ਼ਪ (C) ਸੋਫ਼ੀ (D) ਸਖ਼ੀ

18. ਹੇਠ ਲਿਖਿਆਂ ਵਿੱਚੋਂ 'ਖਾਰਾ' ਸ਼ਬਦ ਦਾ ਵਿਰੋਧੀ ਸ਼ਬਦ ਹੈ:
(A) ਹਲਕਾ (B) ਭਾਰਾ (C) ਮਿੱਠਾ (D) ਨਮਕੀਨ

19. ਹੇਠ ਲਿਖਿਆਂ ਵਿੱਚੋਂ 'ਨੇਤਰ' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?
(A) ਲੋਚਨ (B) ਆਦਿ (C) ਕੁਸਮ (D) ਨਿਰਮਲ

20. ਹੇਠ ਲਿਖਿਆਂ ਵਿੱਚੋਂ 'ਖ਼ਾਲਸ' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?
(A) ਅਲੌਕਿਕ (B) ਸੁਤੰਤਰ (C) ਖਰਾ (D) ਸਮਰਥਨ

21. ਹੇਠ ਲਿਖਿਆ ਵਿੱਚੋਂ 'ਸਾਫ਼' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?
(A) ਸੰਗਮ (B) ਉੱਜਲ (C) ਸੁਮਨ (D) ਲਘੂ

22. ਹੇਠ ਲਿਖਿਆਂ ਵਿੱਚੋਂ "ਕੌੜਾ ਘੁੱਟ ਭਰਨਾ" ਮੁਹਾਵਰੇ ਦਾ ਅਰਥ ਹੈ?
(A) ਬੇਚੈਨ ਹੋ ਜਾਣਾ (B) ਇੱਜ਼ਤ ਰੋਲਣੀ
(C) ਝਗੜਾ ਕਰਨਾ (D) ਅਣਚਾਹੀ ਗੱਲ ਨੂੰ ਬੇਵੱਸੀ ਵਿਚ ਪ੍ਰਵਾਨ ਕਰਨਾ

23. ਹੇਠ ਲਿਖਿਆਂ ਵਿੱਚੋਂ "ਖ਼ਾਨਿਓਂ ਜਾਣਾ" ਮੁਹਾਵਰੇ ਦਾ ਅਰਥ ਕਿਹੜਾ ਹੈ?
(A) ਖੁਰਾਕ ਪਚਣੀ (B) ਸੌਖਾ ਕੰਮ ਹੋਣਾ (C) ਬਦਨਾਮ ਹੋਣਾ (D) ਘਬਰਾ ਜਾਣਾ

24. ਹੇਠ ਲਿਖਿਆਂ ਵਿੱਚੋਂ ਕਿਹੜੀ ਵਾਰ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ?
(A) ਗੂਜਰੀ ਦੀ ਵਾਰ (B) ਵਡਹੰਸ ਦੀ ਵਾਰ (C) ਗਉੜੀ ਦੀ ਵਾਰ (D) ਆਸਾ ਦੀ ਵਾਰ

25. ਗੁਰੂ ਅਰਜਨ ਦੇਵ ਜੀ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਕਿੰਨੇ ਰਾਗਾਂ ਵਿਚ ਬਾਣੀ ਰਚਨਾ ਕੀਤੀ?
(A) 18 (B) 19 (C) 30 (D) 31

26. ਗੁਰੂ ਅੰਗਦ ਦੇਵ ਜੀ ਦੀ ਪਤਨੀ ਦਾ ਕੀ ਨਾਮ ਸੀ?
(A) ਬੀਬੀ ਸੁਲੱਖਣੀ (B) ਬੀਬੀ ਭਾਨੀ ਜੀ (C) ਬੀਬੀ ਖੀਵੀ (D) ਬੀਬੀ ਅਮਰੋ ਜੀ

27. 'ਦਰਿਆ' ਸ਼ਬਦ ਨਾਂਵ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ?
(A) ਭਾਵਵਾਚਕ (B) ਇਕੱਠਵਾਚਕ (C) ਜਾਤੀਵਾਚਕ (D) ਵਸਤੂਵਾਚਕ

28. ਤੂੰ, ਤੁਸੀਂ, ਤੁਹਾਡਾ ਸ਼ਬਦ ਪੁਰਖਵਾਚਕ ਪੜਨਾਂਵ ਵਿਚਲੇ ਕਿਹੜੇ ਪੁਰਖ ਨਾਲ ਸੰਬੰਧਿਤ ਹਨ?
(A) ਪਹਿਲਾ (B) ਦੂਜਾ (C) ਤੀਜਾ (D) ਚੌਥਾ

29. ਜੋ, ਜਿਹੜਾ ਸ਼ਬਦ ਪੜਨਾਂਵ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹਨ?
(A) ਨਿੱਜਵਾਚਕ ਪੜਨਾਂਵ (B) ਸੰਬੰਧਵਾਚਕ ਪੜਨਾਂਵ
(C) ਨਿਸ਼ਚੇਵਾਚਕ ਪੜਨਾਂਵ (D) ਅਨਿਸ਼ਚੇਵਾਚਕ ਪੜਨਾਂਵ

30. ਜਿਨ੍ਹਾਂ ਸੰਬੰਧਕਾਂ ਦੇ ਰੂਪ ਵਿਚ ਤਬਦੀਲੀ ਆਉਂਦੀ ਹੈ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?
(A) ਵਿਕਾਰੀ ਸੰਬੰਧਕ (B) ਅਵਿਕਾਰੀ ਸੰਬੰਧਕ (C) ਕਾਰਕੀ ਸੰਬੰਧਕ (D) ਵਿਭਕਤੀ ਸੰਬੰਧ

31. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?
(A) ਪੰਜ (B) ਛੇ (C) ਸੱਤ (D) ਅੱਠ

32. "ਅਧਿਆਪਕ ਜੀ ਅਖ਼ਬਾਰ ਪੜ੍ਹਦੇ ਹਨ।" ਇਸ ਵਾਕ ਵਿਚ ਕਿਰਿਆ ਦਾ ਰੂਪ ਹੈ:
(A) ਅਕਰਮ ਕਿਰਿਆ (B) ਸਕਰਮਕ ਕਿਰਿਆ (C) ਪ੍ਰੇਰਨਾਰਥਕ ਕਿਰਿਆ (D) ਸੰਜੁਗਤ ਕਿਰਿ

33. "ਮੈਂ ਪਿੰਡ ਕੱਲ੍ਹ ਜਾਵਾਂਗਾ।"
ਉਪਰੋਕਤ ਵਾਕ ਵਿਚ 'ਕੱਲ੍ਹ' ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਨਾਲ ਸੰਬੰਧਤ ਹੈ?
(A) ਸਥਾਨਵਾਚਕ ਕਿਰਿਆ ਵਿਸ਼ੇਸ਼ਣ (B) ਕਾਰਨਵਾਚਕ ਕਿਰਿਆ ਵਿਸ਼ੇਸ਼ਣ
(C) ਕਾਲਵਾਚਕ ਕਿਰਿਆ ਵਿਸ਼ੇਸ਼ਣ (D) ਪ੍ਰਕਾਰਵਾਚਕ ਕਿਰਿਆ ਵਿਸ਼ੇਸ਼ਣ

34. ਵਿਸਮਕ ਕਿੰਨੀ ਪ੍ਰਕਾਰ ਦੇ ਹਨ?
(A) ਪੰਜ (B) ਛੇ (C) ਅੱਠ (D) ਨੌਂ

35. "ਪਰ, ਕਿ, ਜਾਂ ਕਿਹੜੇ ਯੋਜਕ ਹਨ?
(A) ਸੰਜੁਗਤ ਯੋਜਕ (B) ਇਕਹਿਰੇ ਯੋਜਕ (C) ਟੁੱਟਵੇਂ ਯੋਜਕ (D) ਬੱਝਵੇਂ ਯੋਜਕ

36. ਛੱਡਿਆ ਗਰਾਂਅ..... ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:
(A) ਤੇ ਦੇਣਾ ਕੀ ਥਾਂ (B) ਤੇ ਲੈਣਾ ਕੀ ਨਾਂ (C) ਤੇ ਲੈਣੀ ਕੀ ਛਾਂ (D) ਤੇ ਦੇਣੀ ਕੀ ਗਾਂ

37. ਸਰਫ਼ਾ ਕਰ ਕੇ ਸੁੱਤੀ..... ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:
(A) ਦਿਨੇ ਗਵਾ ਲਈ ਜੁੱਤੀ (B) ਆਟਾ ਖਾ ਗਈ ਕੁੱਤੀ
(C) ਰੋਟੀਆਂ ਖਾ ਗਈ ਕੁੱਤੀ (D) ਕੋਈ ਰੋਵੇ ਤੇ ਕੋਈ ਪਿੱਟੇ

38. ਆਪ ਬੀਬੀ... ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:
(A) ਮੋਹਲਿਆਂ ਦਾ ਕੀ ਡਰ (B) ਬਾਹਰ ਸ਼ੀਰਨੀ ਵੰਡਦੀ
(C) ਨੌਂ ਕੋਹ (D) ਕੋਕਾਂ ਮੱਤੀਂ ਦੇਵੇ ਲੋਕਾਂ

[redacted]

39. 'ਜ਼ਹਿਰੀਲਾ' ਸ਼ਬਦ ਵਿਚ ਪਿਛੇਤਰ ਹੈ:

(A) ਹਰੀਲਾ (B) ਰੀਲਾ (C) ਲਾ (D) ਈਲਾ

40. ਪੰਜਾਬੀ ਭਾਸ਼ਾ ਵਿਚ ਵਚਨ ਦੇ ਕਿੰਨੇ ਪ੍ਰਕਾਰ ਹਨ?

(A) ਚਾਰ (B) ਤਿੰਨ (C) ਦੋ (D) ਇਕ

41. 'ਤੈਨੂੰ' ਸ਼ਬਦ ਦਾ ਬਹੁਵਚਨ ਰੂਪ ਹੈ:

(A) ਤੂੰ (B) ਤੇਰਾ (C) ਤੁਹਾਡਾ (D) ਤੁਹਾਨੂੰ

42. "ਚਿੜੀ ਚੀਂ-ਚੀਂ ਕਰ ਰਹੀ ਹੈ"

ਉਪਰੋਕਤ ਵਾਕ ਦਾ ਬਹੁਵਚਨ ਰੂਪ ਹੈ:

(A) ਚਿੜੀਆਂ ਚੀਂ-ਚੀਂ ਕਰ ਰਹੀਆਂ ਹੈ। (B) ਚਿੜੀਆਂ ਚੀਂ-ਚੀਂ ਕਰ ਰਹੀਆਂ ਹਨ।

(C) ਚਿੜੀ ਚੀਂ-ਚੀਂ ਕਰ ਰਹੀਆਂ ਹਨ। (D) ਚਿੜੀਆਂ ਚੀਆਂ-ਚੀਆਂ ਕਰ ਰਹੀਆਂ ਹਨ।

43. 'ਪਤਿਅਹੁਰਾ' ਸ਼ਬਦ ਦਾ ਇਸਤਰੀ ਲਿੰਗ ਹੈ:

(A) ਪਤਿਅਹੁਰੀ (B) ਪਤੀਹਸ (C) ਪਤਿਅਹੋਰੀ (D) ਪਤੀਹਸਣ

44. 'ਵਲੈਤੀਆ' ਸ਼ਬਦ ਇਸਤਰੀ ਲਿੰਗ ਹੈ:

(A) ਵਲੈਤੀ (B) ਵਲੈਤਣ

(C) ਵਲੈਤਣੀ (D) ਉਪਰੋਕਤ ਵਿੱਚੋਂ ਕੋਈ ਨਹੀਂ

45. "ਮਾਲਕ ਨੇ ਨੌਕਰ ਨੂੰ ਨੌਕਰੀ ਤੋਂ ਕੱਢ ਦਿੱਤਾ"

ਉਪਰੋਕਤ ਵਾਕ ਦਾ ਇਸਤਰੀ ਲਿੰਗ ਰੂਪ ਹੈ:

(A) ਮਾਲਕਣ ਨੇ ਨੌਕਰਾਣੀ ਨੂੰ ਨੌਕਰ ਤੋਂ ਕੱਢ ਦਿੱਤਾ। (B) ਮਾਲਕ ਨੇ ਨੌਕਰਾਣੀ ਨੂੰ ਨੌਕਰੀ ਤੋਂ ਕੱਢ ਦਿੱਤਾ।

(C) ਮਾਲਕਣ ਨੇ ਨੌਕਰਾਣੀ ਨੂੰ ਨੌਕਰੀ ਤੋਂ ਕੱਢ ਦਿੱਤਾ। (D) ਮਾਲਕਣ ਨੇ ਨੌਕਰੀ ਨੂੰ ਨੌਕਰ ਤੋਂ ਕੱਢ ਦਿੱਤਾ।

46. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਨਾਲ ਛੁੱਟ ਮਰੋੜੀ ਵਿਸਰਾਮ ਚਿੰਨ੍ਹ ਲੱਗਾ ਹੈ?

(A) ਲੱਡੂ, ਜਲੇਬੀ (B) ਪੜ੍ਹਾਈ-ਲਿਖਾਈ (C) 'ਚ (D) ਐੱਮ.ਪੀ

47. "ਦੋ-ਦੋ ਦੀਆਂ ਲਾਈਨਾਂ ਵਿੱਚ ਚੱਲੋ।"

ਉਪਰੋਕਤ ਵਾਕ ਵਿਚ "ਦੋ-ਦੋ" ਸ਼ਬਦ ਵਿਚ ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸਰਾਮ ਚਿੰਨ੍ਹ ਦੀ ਵਰਤੋ ਹੋਈ ਹੈ?

(A) ਜੋੜਨੀ (B) ਬਿੰਦੀ ਕਾਮਾ (C) ਦੁਬਿੰਦੀ ਡੈਸ਼ (D) ਦੁਬਿੰਦੀ

48. 'ਵਿਕਾਰ' ਸ਼ਬਦ ਵਿਚ ਅਗੇਤਰ ਹੈ:

(A) ਵਿ (B) ਵਿਕ (C) ਵਿਕਾ (D) ਵਿਇਕ

49. 'ਕੁਸੰਗ' ਸ਼ਬਦ ਵਿਚ ਅਗੇਤਰ ਹੈ:

(A) ਕੁਸ (B) ਕੁਸੰ (C) ਕੁ (D) ਸੰਗ

50. 'ਸ਼ਰਮਾਕਲ' ਸ਼ਬਦ ਵਿਚ ਪਿਛੇਤਰ ਹੈ:

(A) ਕਲ (B) ਮਾਕਲ (C) ਸ਼ਰਮਾ (D) ਆਕਲ

## PART – B
### General Knowledge & Current Affairs

51. With effect from February 7, 2026, the United States removed an additional tariff on Indian goods. What was the percentage of this tariff ?
(A) 10% (B) 15% (C) 25% (D) 40%
7 ਫਰਵਰੀ, 2026 ਤੋਂ, ਸੰਯੁਕਤ ਰਾਜ ਅਮਰੀਕਾ ਨੇ ਭਾਰਤੀ ਵਸਤੂਆਂ 'ਤੇ ਇੱਕ ਵਾਧੂ ਟੈਰਿਫ ਹਟਾ ਦਿੱਤਾ। ਇਸ ਟੈਰਿਫ ਦਾ ਪ੍ਰਤੀਸ਼ਤ ਕੀ ਸੀ?
(A) 10% (B) 15% (C) 25% (D) 40%

52. Which statement best explains the nature of coal tar ?
(A) It is a pure compound obtained from petroleum.
(B) It is a solid residue left after coal combustion.
(C) It is a black, viscous liquid with an unpleasant smell made up of around 200 substances.
(D) It is a gaseous mixture used mainly for lighting.
ਕਿਹੜਾ ਕਥਨ ਕੋਲ ਤਾਰ (ਲੁੱਕ) ਦੀ ਪ੍ਰਕਿਰਤੀ ਨੂੰ ਸਭ ਤੋਂ ਵਧੀਆ ਢੰਗ ਨਾਲ ਸਮਝਾਉਂਦਾ ਹੈ?
(A) ਇਹ ਪੈਟਰੋਲੀਅਮ ਤੋਂ ਪ੍ਰਾਪਤ ਇੱਕ ਸ਼ੁੱਧ ਮਿਸ਼ਰਣ ਹੈ ।
(B) ਇਹ ਕੋਲੇ ਦੇ ਜਲਣ ਤੋਂ ਬਾਅਦ ਬਚਿਆ ਇੱਕ ਠੋਸ ਅਵਸ਼ੇਸ਼ ਹੈ ।
(C) ਇਹ ਇੱਕ ਕਾਲਾ, ਚਿਪਚਿਪਾ ਤਰਲ ਹੈ ਜਿਸ ਦੀ ਇੱਕ ਅਣਸੁਖਾਵੀਂ ਗੰਧ ਲਗਭਗ 200 ਪਦਾਰਥਾਂ ਤੋਂ ਬਣੀ ਹੈ ।
(D) ਇਹ ਇੱਕ ਗੈਸੀ ਮਿਸ਼ਰਣ ਹੈ ਜੋ ਮੁੱਖ ਤੌਰ 'ਤੇ ਰੋਸ਼ਨੀ ਲਈ ਵਰਤਿਆ ਜਾਂਦਾ ਹੈ ।

53. The induction of INS Arnala, India's first indigenously designed and built Anti-Submarine Warfare Shallow Water Craft, marks a significant shift in the Indian Navy towards :
(A) Coastal security dominance
(B) Blue-water naval expansion
(C) Import-based defence modernisation
(D) Transition from a "Buyer's Navy" to a "Builder's Navy"
ਭਾਰਤ ਦੇ ਪਹਿਲੇ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਕੀਤੇ ਅਤੇ ਬਣਾਏ ਗਏ ਐਂਟੀ-ਸਬਮਰੀਨ ਵਾਰਫੇਅਰ ਸ਼ੈਲੋ ਵਾਟਰ ਕਰਾਫਟ, INS ਅਰਨਾਲਾ ਦਾ ਭਾਰਤੀ ਜਲ ਸੈਨਾ ਵਿੱਚ ਸ਼ਾਮਲ ਹੋਣਾ ਇਸ ਦੀ ਕਿਸ ਗੱਲ ਵੱਲ ਮਹੱਤਵਪੂਰਨ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ:
(A) ਤੱਟਵਰਤੀ ਸੁਰੱਖਿਆ ਦਬਦਬਾ
(B) ਨੀਲੇ-ਪਾਣੀ ਜਲ ਸੈਨਾ ਦਾ ਵਿਸਥਾਰ
(C) ਆਯਾਤ-ਅਧਾਰਤ ਰੱਖਿਆ ਆਧੁਨਿਕੀਕਰਨ
(D) "ਖਰੀਦਦਾਰ ਦੀ ਜਲ ਸੈਨਾ" ਤੋਂ "ਬਿਲਡਰ ਦੀ ਜਲ ਸੈਨਾ" ਵਿੱਚ ਤਬਦੀਲੀ

54. Which nation is selected to host the Olympic E-sports Games slated for 2027 ?
(A) China (B) Japan (C) South Korea (D) Saudi Arabia
2027 ਲਈ ਨਿਰਧਾਰਤ ਓਲੰਪਿਕ ਈ-ਸਪੋਰਟਸ ਖੇਡਾਂ ਦੀ ਮੇਜ਼ਬਾਨੀ ਲਈ ਕਿਸ ਦੇਸ਼ ਨੂੰ ਚੁਣਿਆ ਗਿਆ ਹੈ?
(A) ਚੀਨ (B) ਜਾਪਾਨ (C) ਦੱਖਣੀ ਕੋਰੀਆ (D) ਸਾਊਦੀ ਅਰਬ

55. Which port authority has become the first in India to initiate the implementation of an advanced Anti-Drone System to strengthen maritime and coastal security ?

(A) Deendayal Port Authority

(B) Jawaharlal Nehru Port Authority

(C) V.O. Chidambaranar Port Authority

(D) Chennai Port Authority

ਭਾਰਤ ਵਿਚ ਕਿਹੜੀ ਪਹਿਲੀ ਬੰਦਰਗਾਹ ਅਥਾਰਟੀ ਹੈ ਜਿਸ ਨੇ ਸਮੁੰਦਰੀ ਅਤੇ ਤੱਟਵਰਤੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇੱਕ ਉੱਨਤ ਐਂਟੀ-ਡਰੋਨ ਸਿਸਟਮ ਲਾਗੂ ਕਰਨਾ ਸ਼ੁਰੂ ਕੀਤਾ ਹੈ?

(A) ਦੀਨਦਿਆਲ ਬੰਦਰਗਾਹ ਅਥਾਰਟੀ

(B) ਜਵਾਹਰ ਲਾਲ ਨਹਿਰੂ ਬੰਦਰਗਾਹ ਅਥਾਰਟੀ

(C) ਵੀ.ਓ. ਚਿਦੰਬਰਨਾਰ ਬੰਦਰਗਾਹ ਅਥਾਰਟੀ

(D) ਚੇਨਈ ਬੰਦਰਗਾਹ ਅਥਾਰਟੀ

56. Which airport has achieved the status of being India's first "water-positive" airport, meaning it replenishes more water than it consumes ?

(A) Chhatrapati Shivaji Maharaj International Airport

(B) Kempegowda International Airport

(C) Indira Gandhi International Airport

(D) Rajiv Gandhi International Airport

ਕਿਹੜੇ ਹਵਾਈ ਅੱਡੇ ਨੇ ਭਾਰਤ ਦੇ ਪਹਿਲੇ "ਜਲ-ਸਕਾਰਾਤਮਕ" ਹਵਾਈ ਅੱਡੇ ਦਾ ਦਰਜਾ ਪ੍ਰਾਪਤ ਕੀਤਾ ਹੈ, ਭਾਵ ਇਹ ਆਪਣੀ ਖਪਤ ਨਾਲੋਂ ਵੱਧ ਪਾਣੀ ਮੁੜ ਭਰ ਲੈਂਦਾ ਹੈ?

(A) ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡਾ

(B) ਕੈਂਪੇਗੌੜਾ ਅੰਤਰਰਾਸ਼ਟਰੀ ਹਵਾਈ ਅੱਡਾ

(C) ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡਾ

(D) ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡਾ

57. Which Punjabi actress was conferred the Padma Shri in 2024 for her outstanding contribution to arts and culture ?

(A) Nirmal Rishi

(B) Neena Cheema

(C) Surinder Kaur

(D) Dolly Ahluwalia

ਕਿਸ ਪੰਜਾਬੀ ਅਦਾਕਾਰਾ ਨੂੰ 2024 ਵਿੱਚ ਕਲਾ ਅਤੇ ਸੱਭਿਆਚਾਰ ਵਿੱਚ ਸ਼ਾਨਦਾਰ ਯੋਗਦਾਨ ਲਈ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ?

(A) ਨਿਰਮਲ ਰਿਸ਼ੀ

(B) ਨੀਨਾ ਚੀਮਾ

(C) ਸੁਰਿੰਦਰ ਕੌਰ

(D) ਡੌਲੀ ਆਹਲੂਵਾਲੀਆ

58. In which year did the Supreme Court of India come into existence ?

(A) 1947 (B) 1949 (C) 1950 (D) 1952

ਭਾਰਤ ਦੀ ਸਰਵਉੱਚ ਅਦਾਲਤ ਕਿਸ ਸਾਲ ਹੋਂਦ ਵਿੱਚ ਆਈ?

(A) 1947 (B) 1949 (C) 1950 (D) 1952

59. The slogan "Back to the Vedas" is associated with which Indian social and religious reformer ?

(A) Raja Rammohan Roy (B) Swami Vivekananda

(C) Dayanand Saraswati (D) Ishwar Chandra Vidyasagar

"ਵੇਦਾਂ ਵੱਲ ਵਾਪਸ" ਦਾ ਨਾਅਰਾ ਕਿਸ ਭਾਰਤੀ ਸਮਾਜਿਕ ਅਤੇ ਧਾਰਮਿਕ ਸੁਧਾਰਕ ਨਾਲ ਜੁੜਿਆ ਹੋਇਆ ਹੈ?

(A) ਰਾਜਾ ਰਾਮ ਮੋਹਨ ਰਾਏ (B) ਸਵਾਮੀ ਵਿਵੇਕਾਨੰਦ

(C) ਦਯਾਨੰਦ ਸਰਸਵਤੀ (D) ਈਸ਼ਵਰ ਚੰਦਰ ਵਿਦਿਆਸਾਗਰ

60. Who won the Women's Singles title at the Australian Open 2026 ?

(A) Coco Gauff (B) Elena Rybakina

(C) Iga Swiatek (D) Aryna Sabalenka

ਆਸਟ੍ਰੇਲੀਅਨ ਓਪਨ 2026 ਵਿੱਚ ਮਹਿਲਾ ਸਿੰਗਲਜ਼ ਦਾ ਖ਼ਿਤਾਬ ਕਿਸ ਨੇ ਜਿੱਤਿਆ?

(A) ਕੋਕੋ ਗੌਫ (B) ਏਲੇਨਾ ਰਾਇਬਾਕੀਨਾ

(C) ਇਗਾ ਸਵੈਟੇਕ (D) ਆਰੀਆਨਾ ਸਬਾਲੇਂਕਾ

61. Who served as the Chairman of the Committee on Fundamental Rights and Minorities in the Constituent Assembly of India ?

(A) Jawaharlal Nehru (B) Dr. B.R. Ambedkar

(C) Rajendra Prasad (D) Sardar Vallabhbhai Patel

ਭਾਰਤ ਦੀ ਸੰਵਿਧਾਨ ਸਭਾ ਵਿੱਚ ਮੌਲਿਕ ਅਧਿਕਾਰਾਂ ਅਤੇ ਘੱਟ ਗਿਣਤੀਆਂ ਬਾਰੇ ਕਮੇਟੀ ਦੇ ਚੇਅਰਮੈਨ ਵਜੋਂ ਕਿਸ ਨੇ ਸੇਵਾ ਨਿਭਾਈ?

(A) ਜਵਾਹਰ ਲਾਲ ਨਹਿਰੂ (B) ਡਾਂ. ਬੀ. ਆਰ. ਅੰਬੇਡਕਰ

(C) ਰਾਜਿੰਦਰ ਪ੍ਰਸਾਦ (D) ਸਰਦਾਰ ਵੱਲਭਭਾਈ ਪਟੇਲ

62. The provisions of Article 6 of the Constitution of India relate to the citizenship rights of which of the following categories of persons ?

(A) Persons of Indian origin living outside India

(B) Foreign nationals acquiring citizenship by naturalisation

(C) Persons who migrated to India from Pakistan

(D) Persons born in India after the commencement of the Constitution

ਭਾਰਤ ਦੇ ਸੰਵਿਧਾਨ ਦੀ ਧਾਰਾ 6 ਦੇ ਉਪਬੰਧ ਹੇਠ ਲਿਖਿਆਂ ਵਿੱਚੋਂ ਵਿਅਕਤੀਆਂ ਦੀਆਂ ਕਿਹੜੀਆਂ ਸ਼੍ਰੇਣੀਆਂ ਦੇ ਨਾਗਰਿਕਤਾ ਅਧਿਕਾਰਾਂ ਨਾਲ ਸਬੰਧਿਤ ਹਨ?

(A) ਭਾਰਤ ਤੋਂ ਬਾਹਰ ਰਹਿਣ ਵਾਲੇ ਭਾਰਤੀ ਮੂਲ ਦੇ ਵਿਅਕਤੀ

(B) ਨਾਗਰਿਕੀਕਰਨ ਦੁਆਰਾ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਵਿਦੇਸ਼ੀ ਨਾਗਰਿਕ

(C) ਪਾਕਿਸਤਾਨ ਤੋਂ ਭਾਰਤ ਪਰਵਾਸ ਕਰਨ ਵਾਲੇ ਵਿਅਕਤੀ

(D) ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਭਾਰਤ ਵਿੱਚ ਪੈਦਾ ਹੋਏ ਵਿਅਕਤੀ

63. The World Trade Organization (WTO), established in 1995, succeeded which of the following international agreements ?

(A) Bretton Woods Agreement

(B) General Agreement on Trade and Tariff (GATT)

(C) International Monetary Fund (IMF)

(D) United Nations Conference on Trade and Development (UNCTAD)

1995 ਵਿੱਚ ਸਥਾਪਿਤ ਵਿਸ਼ਵ ਵਪਾਰ ਸੰਗਠਨ (WTO) ਹੇਠ ਲਿਖੇ ਅੰਤਰਰਾਸ਼ਟਰੀ ਸਮਝੌਤਿਆਂ ਵਿੱਚੋਂ ਕਿਹੜੇ ਦਾ ਉੱਤਰਾਧਿਕਾਰੀ ਹੈ?

(A) ਬ੍ਰੈਟਨ ਵੁੱਡਸ ਸਮਝੌਤਾ

(B) ਵਪਾਰ ਅਤੇ ਟੈਰਿਫ 'ਤੇ ਜਨਰਲ ਸਮਝੌਤਾ (GATT)

(C) ਅੰਤਰਰਾਸ਼ਟਰੀ ਮੁਦਰਾ ਫੰਡ (IMF)

(D) ਵਪਾਰ ਅਤੇ ਵਿਕਾਸ 'ਤੇ ਸੰਯੁਕਤ ਰਾਸ਼ਟਰ ਸੰਮੇਲਨ (UNCTAD)

64. The Partition of Bengal in 1905 was ordered by which British Viceroy of India ?

(A) Lord Chelmsford (B) Lord Hardinge

(C) Lord Curzon (D) Lord Ripon

1905 ਵਿੱਚ ਬੰਗਾਲ ਦੀ ਵੰਡ ਭਾਰਤ ਦੇ ਕਿਸ ਬ੍ਰਿਟਿਸ਼ ਵਾਇਸਰਾਏ ਦੁਆਰਾ ਕੀਤੀ ਗਈ ਸੀ?

(A) ਲਾਰਡ ਚੈਮਸਫੋਰਡ (B) ਲਾਰਡ ਹਾਰਡਿੰਗ

(C) ਲਾਰਡ ਕਰਜ਼ਨ (D) ਲਾਰਡ ਰਿਪਨ

65. The Indian Press Act, 1910 was enacted by the British government mainly as a response to which of the following movements ?

(A) Swadeshi Movement (B) Non-Cooperation Movement

(C) Civil Disobedience Movement (D) Home Rule Movement

ਇੰਡੀਅਨ ਪ੍ਰੈਸ ਐਕਟ, 1910 ਬ੍ਰਿਟਿਸ਼ ਸਰਕਾਰ ਦੁਆਰਾ ਮੁੱਖ ਤੌਰ 'ਤੇ ਹੇਠ ਲਿਖੀਆਂ ਲਹਿਰਾਂ ਵਿੱਚੋਂ ਕਿਸ ਦੇ ਜਵਾਬ ਵਜੋਂ ਲਾਗੂ ਕੀਤਾ ਗਿਆ ਸੀ?

(A) ਸਵਦੇਸ਼ੀ ਲਹਿਰ (B) ਅਸਹਿਯੋਗ ਲਹਿਰ

(C) ਸਿਵਲ ਨਾਫ਼ਰਮਾਨੀ ਲਹਿਰ (D) ਹੋਮ ਰੂਲ ਲਹਿਰ

66. The Industrial Policy Resolution, 1956 formed the basis of which Five-Year Plan ?

(A) First Five-Year Plan (B) Second Five-Year Plan

(C) Third Five-Year Plan (D) Fourth Five-Year Plan

ਉਦਯੋਗਿਕ ਨੀਤੀ ਮਤਾ, 1956 ਨੇ ਕਿਸ ਪੰਜ ਸਾਲਾ ਯੋਜਨਾ ਨੂੰ ਆਧਾਰ ਬਣਾਇਆ?

(A) ਪਹਿਲੀ ਪੰਜ ਸਾਲਾ ਯੋਜਨਾ (B) ਦੂਜੀ ਪੰਜ ਸਾਲਾ ਯੋਜਨਾ

(C) ਤੀਜੀ ਪੰਜ ਸਾਲਾ ਯੋਜਨਾ (D) ਚੌਥੀ ਪੰਜ ਸਾਲਾ ਯੋਜਨਾ

67. Which type of resource is directly or indirectly derived from the photosynthetic activity o green plants ?

(A) Abiotic resource (B) Renewable resource

(C) Biotic resource (D) Non-renewable resource

ਕਿਸ ਕਿਸਮ ਦਾ ਸਰੋਤ ਸਿੱਧੇ ਜਾਂ ਅਸਿੱਧੇ ਤੌਰ 'ਤੇ ਹਰੇ ਪੌਦਿਆਂ ਦੀ ਪ੍ਰਕਾਸ਼ ਸੰਸ਼ਲੇਸ਼ਣ ਪ੍ਰਕਿਰਿਆ ਤੋਂ ਪ੍ਰਾਪਤ ਹੁੰਦਾ ਹੈ?

(A) ਅਜੈਵਿਕ ਸਰੋਤ (B) ਨਵਿਆਉਣਯੋਗ ਸਰੋਤ

(C) ਜੈਵਿਕ ਸਰੋਤ (D) ਗੈਰ-ਨਵਿਆਉਣਯੋਗ ਸਰੋਤ

68. India's total geographical area accounts for approximately what percentage of the world' total geographical area ?

(A) 1.8% (B) 2.4% (C) 3.2% (D) 4.1%

ਭਾਰਤ ਦਾ ਕੁੱਲ ਭੂਗੋਲਿਕ ਖੇਤਰ ਦੁਨੀਆ ਦੇ ਕੁੱਲ ਭੂਗੋਲਿਕ ਖੇਤਰ ਦਾ ਲਗਭਗ ਕਿੰਨਾ ਪ੍ਰਤੀਸ਼ਤ ਹੈ?

(A) 1.8% (B) 2.4% (C) 3.2% (D) 4.1%

69. Which of the following is the correct full form of NABARD ?

(A) National Agricultural Board for Regional Development

(B) National Bank for Agriculture and Rural Development

(C) National Agriculture Board for Rural Development

(D) National Agricultural Bank for Rural Development

ਹੇਠ ਲਿਖਿਆਂ ਵਿੱਚੋਂ NABARD ਦਾ ਸਹੀ ਪੂਰਾ ਰੂਪ ਕਿਹੜਾ ਹੈ?

(A) ਨੈਸ਼ਨਲ ਐਗਰੀਕਲਚਰਲ ਬੋਰਡ ਫ਼ਾਰ ਰੀਜਨਲ ਡਿਵੈਲਪਮੈਂਟ

(B) ਨੈਸ਼ਨਲ ਬੈਂਕ ਫ਼ਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ

(C) ਨੈਸ਼ਨਲ ਐਗਰੀਕਲਚਰ ਬੋਰਡ ਫ਼ਾਰ ਰੂਰਲ ਡਿਵੈਲਪਮੈਂਟ

(D) ਨੈਸ਼ਨਲ ਐਗਰੀਕਲਚਰਲ ਬੈਂਕ ਫ਼ਾਰ ਰੂਰਲ ਡਿਵੈਲਪਮੈਂਟ

70. The term "ecosystem" was coined in 1935 by which ecologist ?

(A) E. P. Odum (B) Charles Elton

(C) A.G. Tansley (D) Raymond Lindeman

"ਈਕੋਸਿਸਟਮ" ਸ਼ਬਦ 1935 ਵਿੱਚ ਕਿਸ ਵਾਤਾਵਰਣ ਵਿਗਿਆਨੀ ਦੁਆਰਾ ਘੜਿਆ ਗਿਆ ਸੀ?

(A) ਈ. ਪੀ. ਓਡਮ (B) ਚਾਰਲਸ ਐਲਟਨ

(C) ਏ. ਜੀ. ਟੈਂਸਲੇ (D) ਰੇਮੰਡ ਲਿੰਡੇਮੈਨ

71. The total solar energy trapped in the organic matter of plant tissues through photosynthes is known as :

(A) Net Primary Productivity (B) Gross Primary Productivity

(C) Secondary Productivity (D) Ecological Efficiency

ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਪੌਦਿਆਂ ਦੇ ਟਿਸ਼ੂਆਂ ਦੇ ਜੈਵਿਕ ਪਦਾਰਥ ਵਿੱਚ ਨਿਹਿਤ ਕੁੱਲ ਸੂਰਜੀ ਊਰਜਾ ਨੂੰ ਕਿਹਾ ਜਾਂਦਾ

(A) ਸ਼ੁੱਧ ਮੁੱਢਲੀ ਉਤਪਾਦਕਤਾ (B) ਕੁੱਲ ਮੁੱਢਲੀ ਉਤਪਾਦਕਤਾ

(C) ਦੂਜੈਲੀ ਉਤਪਾਦਕਤਾ (D) ਵਾਤਾਵਰਣ ਕੁਸ਼ਲਤਾ

72. Which of the following statements about acceleration is correct ?
(A) It is the rate of change of speed and is a scalar quantity.
(B) It is the rate of change of displacement and is a vector quantity.
(C) It is the rate of change of velocity and is a scalar quantity.
(D) It is the rate of change of velocity and is a vector quantity.
ਪ੍ਰਵੇਗ ਬਾਰੇ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?
(A) ਇਹ ਗਤੀ ਦੇ ਬਦਲਾਅ ਦੀ ਦਰ ਹੈ ਅਤੇ ਇੱਕ ਅਦਿਸ਼ ਰਾਸ਼ੀ ਹੈ ।
(B) ਇਹ ਵਿਸਥਾਪਨ ਦੇ ਬਦਲਾਅ ਦੀ ਦਰ ਹੈ ਅਤੇ ਇੱਕ ਸਦਿਸ਼ ਰਾਸ਼ੀ ਹੈ ।
(C) ਇਹ ਵੇਗ ਦੇ ਬਦਲਾਅ ਦੀ ਦਰ ਹੈ ਅਤੇ ਇੱਕ ਅਦਿਸ਼ ਰਾਸ਼ੀ ਹੈ ।
(D) ਇਹ ਵੇਗ ਦੇ ਬਦਲਾਅ ਦੀ ਦਰ ਹੈ ਅਤੇ ਇੱਕ ਸਦਿਸ਼ ਰਾਸ਼ੀ ਹੈ ।

73. The Aravalli Hills extend for about 800 km from south-west Gujarat to north-east Delhi and are locally known near Delhi as :
(A) Shivalik Range
(B) Vindhya Range
(C) Delhi Ridge
(D) Rajmahal Hills
ਅਰਾਵਲੀ ਪਹਾੜੀਆਂ ਦੱਖਣ-ਪੱਛਮੀ ਗੁਜਰਾਤ ਤੋਂ ਉੱਤਰ-ਪੂਰਬੀ ਦਿੱਲੀ ਤੱਕ ਲਗਭਗ 800 ਕਿਲੋਮੀਟਰ ਤੱਕ ਫੈਲੀਆਂ ਹੋਈਆਂ ਹਨ ਅਤੇ ਸਥਾਨਕ ਤੌਰ 'ਤੇ ਦਿੱਲੀ ਦੇ ਨੇੜੇ ਇਸ ਨਾਮ ਨਾਲ ਜਾਣੀਆਂ ਜਾਂਦੀਆਂ ਹਨ:
(A) ਸ਼ਿਵਾਲਿਕ ਰੇਂਜ
(B) ਵਿੰਧਿਆ ਰੇਂਜ
(C) ਦਿੱਲੀ ਰਿਜ
(D) ਰਾਜਮਹਿਲ ਪਹਾੜੀਆਂ

74. Which of the following correctly explains the formation of clouds in the atmosphere ?
(A) Direct freezing of atmospheric moisture at the Earth's surface
(B) Accumulation of water vapour at low altitudes without condensation
(C) Condensation of water vapour into minute water droplets or tiny ice crystals at higher elevations
(D) Deposition of precipitation particles during rainfall
ਹੇਠ ਲਿਖਿਆਂ ਵਿੱਚੋਂ ਕਿਹੜਾ ਵਾਯੂਮੰਡਲ ਵਿੱਚ ਬੱਦਲਾਂ ਦੀ ਰਚਨਾ ਨੂੰ ਸਹੀ ਢੰਗ ਨਾਲ ਸਮਝਾਉਂਦਾ ਹੈ?
(A) ਧਰਤੀ ਦੀ ਸਤ੍ਹਾ 'ਤੇ ਵਾਯੂਮੰਡਲੀ ਨਮੀ ਦਾ ਸਿੱਧਾ ਜੰਮਣਾ
(B) ਸੰਘਣੇਕਰਨ ਤੋਂ ਬਿਨਾਂ ਘੱਟ ਉਚਾਈ 'ਤੇ ਜਲ-ਵਾਸ਼ਪਾਂ ਦਾ ਇਕੱਠਾ ਹੋਣਾ
(C) ਉੱਚ ਉਚਾਈ 'ਤੇ ਪਾਣੀ ਦੀਆਂ ਛੋਟੀਆਂ ਬੂੰਦਾਂ ਜਾਂ ਛੋਟੇ ਬਰਫ਼ ਦੇ ਕ੍ਰਿਸਟਲਾਂ ਵਿੱਚ ਜਲ-ਵਾਸ਼ਪਾਂ ਦਾ ਸੰਘਣਾਕਰਨ
(D) ਬਾਰਿਸ਼ ਦੌਰਾਨ ਵਰਖਾ ਦੇ ਕਣਾਂ ਦਾ ਜਮ੍ਹਾ ਹੋਣਾ

75. A vehicle moving along a straight road at one time and along a curved path at another is an example of which type of motion ?
(A) Oscillatory motion
(B) Rotatory motion
(C) Periodic motion
(D) Translatory motion
ਇੱਕ ਸਮੇਂ ਸਿੱਧੀ ਸੜਕ 'ਤੇ ਅਤੇ ਦੂਜੇ ਸਮੇਂ ਵਕਰ ਰਸਤੇ 'ਤੇ ਚੱਲਦਾ ਵਾਹਨ ਕਿਸ ਕਿਸਮ ਦੀ ਗਤੀ ਦੀ ਉਦਾਹਰਣ ਹੈ?
(A) ਡੋਲਣ ਗਤੀ
(B) ਘੁਮੰਣ ਗਤੀ
(C) ਆਵਰਤੀ ਗਤੀ
(D) ਅਨੁਵਾਦੀ ਗਤੀ

76. The First Buddhist Council was held at _____ .
(A) Pataliputra (B) Vaishali (C) Rajgraha (D) Kundalvana
ਪਹਿਲੀ ਬੋਧੀ ਸਭਾ _____ ਵਿਖੇ ਹੋਈ।
(A) ਪਾਟਲੀਪੁੱਤਰ (B) ਵੈਸ਼ਾਲੀ (C) ਰਾਜਗ੍ਰਿਹਿ (D) ਕੁੰਡਲਵਨ

77. Where is the shrine of Baba Farid located ?
(A) Pakpattan (B) Dipalpur (C) Bahwalpur (D) Sheikhupura
ਬਾਬਾ ਫਰੀਦ ਦਾ ਅਸਥਾਨ ਕਿੱਥੇ ਸਥਿੱਤ ਹੈ?
(A) ਪਾਕਪਟਨ (B) ਦੀਪਾਲਪੁਰ (C) ਬਹਾਵਲਪੁਰ (D) ਸ਼ੇਖੂਪੁਰਾ

78. Who among the following is the author of the famous story of *Heer* ?
(A) Bulleh Shah (B) Sultan Bahu (C) Shah Sharaf (D) Waris Shah
ਹੇਠ ਲਿਖਿਆਂ ਵਿੱਚੋਂ ਕੌਣ ਹੀਰ ਦੀ ਮਸ਼ਹੂਰ ਕਹਾਣੀ ਦਾ ਲੇਖਕ ਹੈ?
(A) ਬੁੱਲ੍ਹੇ ਸ਼ਾਹ (B) ਸੁਲਤਾਨ ਬਾਹੂ (C) ਸ਼ਾਹ ਸ਼ਰਾਫ਼ (D) ਵਾਰਿਸ ਸ਼ਾਹ

79. When was Guru Nanak Dev Ji's 550th birth centenary celebrated ?
(A) 2023 (B) 2022 (C) 2019 (D) 2021
ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਕਦੋਂ ਮਨਾਈ ਗਈ?
(A) 2023 (B) 2022 (C) 2019 (D) 2021

80. Mahatma Budh was born in _____ .
(A) Bodh Gaya (B) Lumbini (C) Kundagrama (D) Vaishali
ਮਹਾਤਮਾ ਬੁੱਧ ਦਾ ਜਨਮ _____ ਵਿਖੇ ਹੋਇਆ।
(A) ਬੋਧ ਗਯਾ (B) ਲੁੰਬਿਨੀ (C) ਕੁੰਡਗ੍ਰਾਮ (D) ਵੈਸ਼ਾਲੀ

81. The land between Ravi and Chenab is known as
(A) Chaj doab (B) Bari doab
(C) Rachna doab (D) Bist Jalandhar doab
ਰਾਵੀ ਅਤੇ ਚਨਾਬ ਦੇ ਵਿਚਕਾਰਲੀ ਧਰਤੀ ਨੂੰ ਕਿਹਾ ਜਾਂਦਾ ਹੈ:
(A) ਚਜ ਦੁਆਬ (B) ਬਾਰੀ ਦੁਆਬ
(C) ਰਚਨਾ ਦੁਆਬ (D) ਬਿਸਤ ਜਲੰਧਰ ਦੁਆਬ

82. Which of the following metal was not known to Harappans ?
(A) Copper (B) Gold (C) Iron (D) Bronze
ਹੜੱਪਾ ਵਾਸੀਆਂ ਨੂੰ ਹੇਠ ਲਿਖੀਆਂ ਵਿੱਚੋਂ ਕਿਹੜੀ ਧਾਤ ਦਾ ਨਹੀਂ ਪਤਾ ਸੀ?
(A) ਤਾਂਬਾ (B) ਸੋਨਾ (C) ਲੋਹਾ (D) ਕਾਂਸੀ

83. What was the age of Banda Singh Bahadur at the time of his execution ?
(A) 42 (B) 44 (C) 45 (D) 48
ਬੰਦਾ ਸਿੰਘ ਬਹਾਦਰ ਨੂੰ ਫਾਂਸੀ ਦੇਣ ਵੇਲੇ ਉਨ੍ਹਾਂ ਦੀ ਉਮਰ ਕਿੰਨੀ ਸੀ?
(A) 42 (B) 44 (C) 45 (D) 48

84. Kashmir was purchased by which dogra courtier from East India Company ?
(A) Raja Hari Singh (B) Raja Karan Singh
(C) Raja Gulab Singh (D) Raja Dhian Singh
ਕਸ਼ਮੀਰ ਨੂੰ ਈਸਟ ਇੰਡੀਆ ਕੰਪਨੀ ਤੋਂ ਕਿਸ ਡੋਗਰਾ ਦਰਬਾਰੀ ਨੇ ਖਰੀਦਿਆ ਸੀ ?
(A) ਰਾਜਾ ਹਰੀ ਸਿੰਘ (B) ਰਾਜਾ ਕਰਨ ਸਿੰਘ
(C) ਰਾਜਾ ਗੁਲਾਬ ਸਿੰਘ (D) ਰਾਜਾ ਧਿਆਨ ਸਿੰਘ

85. Which son of Maharaja Ranjit Singh was taken by the British to England ?
(A) Kharak Singh (B) Duleep Singh
(C) Sher Singh (D) Naunihal Singh
ਮਹਾਰਾਜਾ ਰਣਜੀਤ ਸਿੰਘ ਦੇ ਕਿਸ ਪੁੱਤਰ ਨੂੰ ਅੰਗਰੇਜ਼ ਇੰਗਲੈਂਡ ਲੈ ਗਏ ਸਨ?
(A) ਖੜਕ ਸਿੰਘ (B) ਦਲੀਪ ਸਿੰਘ
(C) ਸ਼ੇਰ ਸਿੰਘ (D) ਨੌਨਿਹਾਲ ਸਿੰਘ

86. In which year Jaziya was abolished by Akbar ?
(A) 1574 (B) 1564 (C) 1588 (D) 1569
ਅਕਬਰ ਦੁਆਰਾ ਜਜ਼ੀਆ ਨੂੰ ਕਿਸ ਸਾਲ ਖ਼ਤਮ ਕਰ ਦਿੱਤਾ ਗਿਆ?
(A) 1574 (B) 1564 (C) 1588 (D) 1569

87. Which Sikh Guru is credited with standardizing the commonly used scripts in Punjab into Gurmukhi script ?
(A) Guru Nanak Dev (B) Guru Angad Dev
(C) Guru Arjun Dev (D) Guru Amar Das
ਪੰਜਾਬ ਵਿੱਚ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਲਿਪੀਆਂ ਨੂੰ ਗੁਰਮੁਖੀ ਲਿਪੀ ਦੇ ਰੂਪ ਵਿੱਚ ਮਿਆਰੀ ਬਣਾਉਣ ਦਾ ਸਿਹਰਾ ਕਿਸ ਸਿੱਖ ਗੁਰੂ ਨੂੰ ਜਾਂਦਾ ਹੈ?
(A) ਗੁਰੂ ਨਾਨਕ ਦੇਵ ਜੀ (B) ਗੁਰੂ ਅੰਗਦ ਦੇਵ ਜੀ
(C) ਗੁਰੂ ਅਰਜਨ ਦੇਵ ਜੀ (D) ਗੁਰੂ ਅਮਰਦਾਸ ਜੀ

88. Who among the following Sikh Gurus established town and community at Kirtpur ?
(A) Guru Hargobind Sahib (B) Guru Teg Bahadur Ji
(C) Guru Gobind Singh Ji (D) Guru Har Rai Sahib
ਹੇਠ ਲਿਖੇ ਸਿੱਖ ਗੁਰੂ ਸਾਹਿਬਾਨ ਵਿੱਚੋਂ ਕਿਸ ਨੇ ਕੀਰਤਪੁਰ ਵਿਖੇ ਸ਼ਹਿਰ ਅਤੇ ਭਾਈਚਾਰਾ ਸਥਾਪਿਤ ਕੀਤਾ ?
(A) ਗੁਰੂ ਹਰਗੋਬਿੰਦ ਸਾਹਿਬ (B) ਗੁਰੂ ਤੇਗ ਬਹਾਦਰ ਜੀ
(C) ਗੁਰੂ ਗੋਬਿੰਦ ਸਿੰਘ ਜੀ (D) ਗੁਰੂ ਹਰਿ ਰਾਇ ਸਾਹਿਬ

89. The memorial dedicated to freedom struggle in Punjab has been built at ______.

(A) Amritsar (B) Kartarpur

(C) Ludhiana (D) Jalandhar

ਪੰਜਾਬ ਵਿੱਚ ਆਜ਼ਾਦੀ ਸੰਗਰਾਮ ਨੂੰ ਸਮਰਪਿਤ ਯਾਦਗਾਰ ____ ਵਿਖੇ ਬਣਾਈ ਗਈ ਹੈ।

(A) ਅੰਮ੍ਰਿਤਸਰ (B) ਕਰਤਾਰਪੁਰ

(C) ਲੁਧਿਆਣਾ (D) ਜਲੰਧਰ

90. Who among the following wrote 'Pagri Sambhal Jatta' ?

(A) Ajit Singh

(B) Bhagat Singh

(C) Banke Dayal

(D) None of the above

ਹੇਠ ਲਿਖਿਆਂ ਵਿੱਚੋਂ ਕਿਸ ਨੇ 'ਪਗੜੀ ਸੰਭਾਲ ਜੱਟਾ' ਲਿਖਿਆ ਸੀ?

(A) ਅਜੀਤ ਸਿੰਘ

(B) ਭਗਤ ਸਿੰਘ

(C) ਬਾਂਕੇ ਦਿਆਲ

(D) ਉਪਰੋਕਤ ਵਿੱਚੋਂ ਕੋਈ ਨਹੀਂ

91. Who among the following was the president of Hindustani Association of the Pacific Coast ?

(A) Sohan Singh Bhakhna

(B) Lala Hardayal

(C) Harnam Singh Tundilat

(D) Baba Gurdit Singh

ਹੇਠ ਲਿਖਿਆਂ ਵਿੱਚੋਂ ਕੌਣ ਹਿੰਦੁਸਤਾਨੀ ਐਸੋਸੀਏਸ਼ਨ ਆਫ਼ ਦ ਪੈਸੀਫਿਕ ਕੋਸਟ ਦਾ ਪ੍ਰਧਾਨ ਸੀ?

(A) ਸੋਹਣ ਸਿੰਘ ਭਕਨਾ

(B) ਲਾਲਾ ਹਰਦਿਆਲ

(C) ਹਰਨਾਮ ਸਿੰਘ ਟੁੰਡੀਲਾਟ

(D) ਬਾਬਾ ਗੁਰਦਿੱਤ ਸਿੰਘ

92. When were Bhagat Singh, Sukhdev and Raj Guru hanged ?

(A) 23 March 1930 (B) 23 March 1931

(C) 23 March 1929 (D) None of the above

ਭਗਤ ਸਿੰਘ, ਸੁਖਦੇਵ ਅਤੇ ਰਾਜ ਗੁਰੂ ਨੂੰ ਕਦੋਂ ਫਾਂਸੀ ਦਿੱਤੀ ਗਈ ਸੀ?

(A) 23 ਮਾਰਚ 1930 (B) 23 ਮਾਰਚ 1931

(C) 23 ਮਾਰਚ 1929 (D) ਉਪਰੋਕਤ ਵਿੱਚੋਂ ਕੋਈ ਨਹੀਂ

89. The memorial dedicated to freedom struggle in Punjab has been built at ______.

(A) Amritsar (B) Kartarpur

(C) Ludhiana (D) Jalandhar

ਪੰਜਾਬ ਵਿੱਚ ਆਜ਼ਾਦੀ ਸੰਗਰਾਮ ਨੂੰ ਸਮਰਪਿਤ ਯਾਦਗਾਰ _____ ਵਿਖੇ ਬਣਾਈ ਗਈ ਹੈ।

(A) ਅੰਮ੍ਰਿਤਸਰ (B) ਕਰਤਾਰਪੁਰ

(C) ਲੁਧਿਆਣਾ (D) ਜਲੰਧਰ

90. Who among the following wrote 'Pagri Sambhal Jatta' ?

(A) Ajit Singh

(B) Bhagat Singh

(C) Banke Dayal

(D) None of the above

ਹੇਠ ਲਿਖਿਆਂ ਵਿੱਚੋਂ ਕਿਸ ਨੇ 'ਪਗੜੀ ਸੰਭਾਲ ਜੱਟਾ' ਲਿਖਿਆ ਸੀ?

(A) ਅਜੀਤ ਸਿੰਘ

(B) ਭਗਤ ਸਿੰਘ

(C) ਬਾਂਕੇ ਦਿਆਲ

(D) ਉਪਰੋਕਤ ਵਿੱਚੋਂ ਕੋਈ ਨਹੀਂ

91. Who among the following was the president of Hindustani Association of the Pacific Coast ?

(A) Sohan Singh Bhakhna

(B) Lala Hardayal

(C) Harnam Singh Tundilat

(D) Baba Gurdit Singh

ਹੇਠ ਲਿਖਿਆਂ ਵਿੱਚੋਂ ਕੌਣ ਹਿੰਦੁਸਤਾਨੀ ਐਸੋਸੀਏਸ਼ਨ ਆਫ਼ ਦ ਪੈਸੀਫਿਕ ਕੋਸਟ ਦਾ ਪ੍ਰਧਾਨ ਸੀ?

(A) ਸੋਹਣ ਸਿੰਘ ਭਕਨਾ

(B) ਲਾਲਾ ਹਰਦਿਆਲ

(C) ਹਰਨਾਮ ਸਿੰਘ ਟੁੰਡੀਲਾਟ

(D) ਬਾਬਾ ਗੁਰਦਿੱਤ ਸਿੰਘ

92. When were Bhagat Singh, Sukhdev and Raj Guru hanged ?

(A) 23 March 1930 (B) 23 March 1931

(C) 23 March 1929 (D) None of the above

ਭਗਤ ਸਿੰਘ, ਸੁਖਦੇਵ ਅਤੇ ਰਾਜ ਗੁਰੂ ਨੂੰ ਕਦੋਂ ਫਾਂਸੀ ਦਿੱਤੀ ਗਈ ਸੀ?

(A) 23 ਮਾਰਚ 1930 (B) 23 ਮਾਰਚ 1931

(C) 23 ਮਾਰਚ 1929 (D) ਉਪਰੋਕਤ ਵਿੱਚੋਂ ਕੋਈ ਨਹੀਂ

## Logical Reasoning & Mental Ability

93. In an examination, P, Q, R, and S each scored different marks. Q scored more than R and S. No one scored less than P. Who amongst them scored the maximum marks ?
(A) P (B) Q (C) R (D) S
ਇੱਕ ਪ੍ਰੀਖਿਆ ਵਿੱਚ, P, Q, R, ਅਤੇ S ਹਰੇਕ ਨੇ ਵੱਖ-ਵੱਖ ਅੰਕ ਪ੍ਰਾਪਤ ਕੀਤੇ। Q ਨੇ R ਅਤੇ S ਤੋਂ ਵੱਧ ਅੰਕ ਪ੍ਰਾਪਤ ਕੀਤੇ। ਕਿਸੇ ਨੇ ਵੀ P ਤੋਂ ਘੱਟ ਅੰਕ ਪ੍ਰਾਪਤ ਨਹੀਂ ਕੀਤੇ। ਉਨ੍ਹਾਂ ਵਿੱਚੋਂ ਕਿਸ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ?
(A) P (B) Q (C) R (D) S

94. In a certain code, "MOTHER" is coded as "ONHURF". What will be the code of the word "ANSWER" as per the same coding scheme ?
(A) MBXTSF (B) NBWTRF (C) NAWSRE (D) BMTXFS
ਇੱਕ ਖਾਸ ਕੋਡ ਵਿੱਚ, "MOTHER" ਨੂੰ "ONHURF" ਵਜੋਂ ਕੋਡ ਕੀਤਾ ਗਿਆ ਹੈ। ਉਸੇ ਕੋਡਿੰਗ ਸਕੀਮ ਅਨੁਸਾਰ "ANSWER" ਸ਼ਬਦ ਦਾ ਕੋਡ ਕੀ ਹੋਵੇਗਾ ?
(A) MBXTSF (B) NBWTRF (C) NAWSRE (D) BMTXFS

95. If it is possible to make a meaningful word with the third, fourth and eleventh letter of the word "CONTROVERSIAL", write the middle letter of the word.
(A) N (B) T (C) I (D) A
ਜੇਕਰ "CONTROVERSIAL" ਸ਼ਬਦ ਦੇ ਤੀਜੇ, ਚੌਥੇ ਅਤੇ ਗਿਆਰ੍ਹਵੇਂ ਅੱਖਰ ਨਾਲ ਇੱਕ ਅਰਥਪੂਰਨ ਸ਼ਬਦ ਬਣਾਉਣਾ ਸੰਭਵ ਹੈ, ਤਾਂ ਸ਼ਬਦ ਦਾ ਵਿਚਕਾਰਲਾ ਅੱਖਰ ਲਿਖੋ।
(A) N (B) T (C) I (D) A

96. Three of the following are alike in a certain way and so form a group. Which is the one that does not belong to that group ?
(A) Greedy (B) Endear (C) Avaricious (D) Acquisitive
ਹੇਠ ਲਿਖਿਆਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਨਾਲ ਇੱਕੋ ਜਿਹੇ ਹਨ ਅਤੇ ਇਸ ਤਰ੍ਹਾਂ ਇੱਕ ਸਮੂਹ ਬਣਾਉਂਦੇ ਹਨ। ਕਿਹੜਾ ਹੈ ਜੋ ਉਸ ਸਮੂਹ ਨਾਲ ਸਬੰਧਿਤ ਨਹੀਂ ਹੈ ?
(A) ਲਾਲਚੀ (B) ਪਿਆਰਾ (C) ਲੋਭੀ (D) ਲਾਭ ਦਾ ਇੱਛਕ

97. "Carrot" is related to "Root" in the same way as "Mustard" is related to ________.
(A) Fruit (B) Seed (C) Flower (D) Stem
"ਗਾਜਰ" "ਜੜ੍ਹ" ਨਾਲ ਉਸੇ ਤਰ੍ਹਾਂ ਸੰਬੰਧਿਤ ਹੈ ਜਿਵੇਂ "ਸਰ੍ਹੋਂ" ______ ਨਾਲ ਸੰਬੰਧਿਤ ਹੈ।
(A) ਫਲ (B) ਬੀਜ (C) ਫੁੱਲ (D) ਤਣਾ

**(Question 98 & 99) Study the following information to answer the given questions :**
There are eight persons A, B, C, D, E, F, G & H are seated around a square table- two on each side. There are three female members and they are not seated next to each other. F is between H & B. C is between E & B. D, a female member, is second to the left of F. B, a male member, is seated opposite to A, a female member. There is a female member between B & E.
**(ਪ੍ਰਸ਼ਨ 98 ਅਤੇ 99) ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਹੇਠ ਲਿਖੀ ਜਾਣਕਾਰੀ ਦਾ ਅਧਿਐਨ ਕਰੋ:**
ਇੱਕ ਵਰਗਾਕਾਰ ਮੇਜ਼ ਦੇ ਆਲੇ-ਦੁਆਲੇ ਅੱਠ ਵਿਅਕਤੀ A, B, C, D, E, F, G ਅਤੇ H ਬੈਠੇ ਹਨ - ਹਰੇਕ ਪਾਸੇ ਦੋ। ਤਿੰਨ ਔਰਤ ਮੈਂਬਰ ਹਨ ਅਤੇ ਉਹ ਇੱਕ ਦੂਜੇ ਦੇ ਨਾਲ ਨਹੀਂ ਬੈਠੀਆਂ ਹਨ। F, H ਅਤੇ B ਦੇ ਵਿਚਕਾਰ ਹੈ। C, E ਅਤੇ B ਦੇ ਵਿਚਕਾਰ ਹੈ। D, ਇੱਕ ਔਰਤ ਮੈਂਬਰ, F ਦੇ ਖੱਬੇ ਪਾਸੇ ਦੂਜੇ ਸਥਾਨ 'ਤੇ ਹੈ। B, ਇੱਕ ਮਰਦ ਮੈਂਬਰ, ਇੱਕ ਔਰਤ ਮੈਂਬਰ A ਦੇ ਉਲਟ ਬੈਠਾ ਹੈ। B ਅਤੇ E ਦੇ ਵਿਚਕਾਰ ਇੱਕ ਔਰਤ ਮੈਂਬਰ ਹੈ।

98. Who among the following is seated between A & D ?
(A) G (B) B (C) C (D) H
ਇਹਨਾਂ ਵਿੱਚੋਂ ਕੌਣ A ਅਤੇ D ਦੇ ਵਿਚਕਾਰ ਬੈਠਾ ਹੈ ?
(A) G (B) B (C) C (D) H

99. Who among the following are the three female members ?

(A) A, D, F (B) A, C, F (C) C, D, F (D) D, A, C

ਇਹਨਾਂ ਵਿੱਚੋਂ ਕੌਣ ਤਿੰਨ ਔਰਤ ਮੈਂਬਰ ਹਨ ?

(A) A, D, F (B) A, C, F (C) C, D, F (D) D, A, C

100. Point P is 5m towards the West of point Q. Point R is 2m towards the North of point Q. Point S is 3m towards the East of point R. Point T is 2m towards the South of point S. If Param walks 2m towards the North from point P, takes a right turn and continues to walk. Which of the following points would he reach the first ?

(A) R (B) T (C) Q (D) S

ਬਿੰਦੂ P ਬਿੰਦੂ Q ਦੇ ਪੱਛਮ ਵੱਲ 5 ਮੀਟਰ ਹੈ। ਬਿੰਦੂ R ਬਿੰਦੂ Q ਦੇ ਉੱਤਰ ਵੱਲ 2 ਮੀਟਰ ਹੈ। ਬਿੰਦੂ S ਬਿੰਦੂ R ਦੇ ਪੂਰਬ ਵੱਲ 3 ਮੀਟਰ ਹੈ। ਬਿੰਦੂ T ਬਿੰਦੂ S ਦੇ ਦੱਖਣ ਵੱਲ 2 ਮੀਟਰ ਹੈ। ਜੇਕਰ ਪਰਮ ਬਿੰਦੂ P ਤੋਂ ਉੱਤਰ ਵੱਲ 2 ਮੀਟਰ ਤੁਰਦਾ ਹੈ, ਸੱਜੇ ਪਾਸੇ ਮੁੜਦਾ ਹੈ ਅਤੇ ਲਗਾਤਾਰ ਤੁਰਦਾ ਰਹਿੰਦਾ ਹੈ। ਉਹ ਹੇਠ ਲਿਖੇ ਬਿੰਦੂਆਂ ਵਿੱਚੋਂ ਪਹਿਲੇ ਕਿਸ ਬਿੰਦੂ 'ਤੇ ਪਹੁੰਚੇਗਾ ?

(A) R (B) T (C) Q (D) S

101. Three statements are given followed by three conclusions. Taking all the statements to be true, find which of the following conclusions logically follows from the given statements.

**Statements :**

All Roses are Bags.

Some Bags are Covers.

All Covers are Kites.

**Conclusions :**

I. All Kites are Covers.

II. All Kites are Roses.

III. Some Bags are Kites.

(A) Only Conclusion I follows (B) Only Conclusion II follows

(C) Only Conclusion III follows (D) None of the Conclusions follows.

ਤਿੰਨ ਕਥਨ ਦਿੱਤੇ ਗਏ ਹਨ ਜਿਨ੍ਹਾਂ ਤੋਂ ਬਾਅਦ ਤਿੰਨ ਸਿੱਟੇ ਨਿਕਲਦੇ ਹਨ। ਸਾਰੇ ਕਥਨਾਂ ਨੂੰ ਸੱਚ ਮੰਨਦੇ ਹੋਏ, ਪਤਾ ਕਰੋ ਕਿ ਦਿੱਤੇ ਗਏ ਕਥਨਾਂ ਤੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਸਿੱਟਾ ਤਰਕਪੂਰਨ ਤੌਰ 'ਤੇ ਨਿਕਲਦਾ ਹੈ।

**ਕਥਨ:**

ਸਾਰੇ ਗੁਲਾਬ ਬੈਗ ਹਨ।

ਕੁਝ ਬੈਗ ਕਵਰ ਹਨ।

ਸਾਰੇ ਕਵਰ ਪਤੰਗਾਂ ਹਨ।

**ਸਿੱਟੇ**

I. ਸਾਰੀਆਂ ਪਤੰਗਾਂ ਕਵਰ ਹਨ।

II. ਸਾਰੀਆਂ ਪਤੰਗਾਂ ਗੁਲਾਬ ਹਨ।

III. ਕੁਝ ਬੈਗ ਪਤੰਗਾਂ ਹਨ।

(A) ਸਿਰਫ਼ ਸਿੱਟਾ I ਨਿਕਲਦਾ ਹੈ (B) ਸਿਰਫ਼ ਸਿੱਟਾ II ਨਿਕਲਦਾ ਹੈ

(C) ਸਿਰਫ਼ ਸਿੱਟਾ III ਨਿਕਲਦਾ ਹੈ (D) ਕੋਈ ਵੀ ਸਿੱਟਾ ਇਸ ਤਰ੍ਹਾਂ ਨਹੀਂ ਨਿਕਲਦਾ।

**(Question No. 102-106) Study the following information carefully and answer the questions :**

A, B, C, D, E, F, and G are seven students studying in three different institutes, namely, X, Y and Z with at least two in each institute. Each of them has a favourite subject from English, History, Geography, Mathematics, Physics, Chemistry and Biology, but not necessarily in same order. C's favourite subject is Physics and studies in institute Y with only A. E does not study in institute Z and he likes English. D studies in institute Z and does not like Mathematics. Those who like Geography and Chemistry study in same institute. G likes Biology and does not study in the college institute X. F does not study with E. F does not like Chemistry. A does not like History.

**(ਸਵਾਲ ਨੰ. 102-106) ਹੇਠ ਲਿਖੀ ਜਾਣਕਾਰੀ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਸਵਾਲਾਂ ਦੇ ਜਵਾਬ ਦਿਓ:**

A, B, C, D, E, F, ਅਤੇ G ਸੱਤ ਵਿਦਿਆਰਥੀ ਹਨ ਜੋ X, Y ਅਤੇ Z ਨਾਮਕ ਤਿੰਨ ਵੱਖ-ਵੱਖ ਸੰਸਥਾਵਾਂ ਵਿੱਚ ਪੜ੍ਹ ਰਹੇ ਹਨ ਅਤੇ ਹਰੇਕ ਸੰਸਥਾ ਵਿੱਚ ਘੱਟੋ-ਘੱਟ ਦੋ ਹਨ। ਉਨ੍ਹਾਂ ਵਿੱਚੋਂ ਹਰੇਕ ਦਾ ਅੰਗਰੇਜ਼ੀ, ਇਤਿਹਾਸ, ਭੂਗੋਲ, ਗਣਿਤ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ ਇੱਕ ਮਨਪਸੰਦ ਵਿਸ਼ਾ ਹੈ, ਪਰ ਜ਼ਰੂਰੀ ਨਹੀਂ ਕਿ ਇੱਕੋ ਕ੍ਰਮ ਵਿੱਚ ਹੋਵੇ। C ਦਾ ਮਨਪਸੰਦ ਵਿਸ਼ਾ ਭੌਤਿਕ ਵਿਗਿਆਨ ਹੈ ਅਤੇ ਉਹ ਸੰਸਥਾ Y ਵਿੱਚ ਸਿਰਫ਼ A ਨਾਲ ਪੜ੍ਹਦਾ ਹੈ। E ਸੰਸਥਾ Z ਵਿੱਚ ਨਹੀਂ ਪੜ੍ਹਦਾ ਅਤੇ ਉਸ ਨੂੰ ਅੰਗਰੇਜ਼ੀ ਪਸੰਦ ਹੈ। D ਸੰਸਥਾ Z ਵਿੱਚ ਪੜ੍ਹਦਾ ਹੈ ਅਤੇ ਉਸ ਨੂੰ ਗਣਿਤ ਪਸੰਦ ਨਹੀਂ ਹੈ। ਜਿਨ੍ਹਾਂ ਨੂੰ ਭੂਗੋਲ ਅਤੇ ਰਸਾਇਣ ਵਿਗਿਆਨ ਪਸੰਦ ਹੈ ਉਹ ਇੱਕੋ ਸੰਸਥਾ ਵਿੱਚ ਪੜ੍ਹਦੇ ਹਨ। G ਨੂੰ ਜੀਵ ਵਿਗਿਆਨ ਪਸੰਦ ਹੈ ਅਤੇ ਕਾਲਜ ਸੰਸਥਾ X ਵਿੱਚ ਨਹੀਂ ਪੜ੍ਹਦਾ। F ਨੂੰ E ਨਾਲ ਨਹੀਂ ਪੜ੍ਹਦਾ। F ਨੂੰ ਰਸਾਇਣ ਵਿਗਿਆਨ ਪਸੰਦ ਨਹੀਂ ਹੈ। A ਨੂੰ ਇਤਿਹਾਸ ਪਸੰਦ ਨਹੀਂ ਹੈ।

**102.** Which of the following groups of student study in Institute Z ?

(A) DGF
(B) DA
(C) DBF
(D) Inadequate data

ਵਿਦਿਆਰਥੀਆਂ ਦੇ ਹੇਠ ਲਿਖੇ ਸਮੂਹਾਂ ਵਿੱਚੋਂ ਕਿਹੜਾ ਸੰਸਥਾ Z ਵਿੱਚ ਪੜ੍ਹਦਾ ਹੈ ?

(A) DGF
(B) DA
(C) DBF
(D) ਨਾਕਾਫ਼ੀ ਡੇਟਾ

**103.** Find the correct combination.

(A) X-A-Mathematics
(B) Z-D-Chemistry
(C) Z-D-Physics
(D) Z-D-History

ਸਹੀ ਸੁਮੇਲ ਲੱਭੋ।

(A) X-A-ਗਣਿਤ
(B) Z-D-ਰਸਾਇਣ ਵਿਗਿਆਨ
(C) Z-D-ਭੌਤਿਕ ਵਿਗਿਆਨ
(D) Z-D-ਇਤਿਹਾਸ

**104.** Which of the following is the favourite subject of A ?

(A) Geography
(B) Mathematics
(C) Chemistry
(D) Data inadequate

ਇਹਨਾਂ ਵਿੱਚੋਂ A ਦਾ ਮਨਪਸੰਦ ਵਿਸ਼ਾ ਕਿਹੜਾ ਹੈ ?

(A) ਭੂਗੋਲ
(B) ਗਣਿਤ
(C) ਰਸਾਇਣ ਵਿਗਿਆਨ
(D) ਨਾਕਾਫ਼ੀ ਡੇਟਾ

**105.** Which of the following groups of student study in college X ?

(A) ED (B) EF (C) BF (D) EB

ਕਾਲਜ X ਵਿੱਚ ਹੇਠ ਲਿਖਿਆਂ ਵਿੱਚੋਂ ਵਿਦਿਆਰਥੀਆਂ ਦੇ ਕਿਹੜੇ ਸਮੂਹ ਪੜ੍ਹਦੇ ਹਨ ?

(A) ED (B) EF (C) BF (D) EB

**106.** In which institute do three of them study ?

(A) X (B) Y (C) Z (D) Y or Z

ਇਹਨਾਂ ਵਿੱਚੋਂ ਤਿੰਨ ਕਿਸ ਸੰਸਥਾ ਵਿੱਚ ਪੜ੍ਹਦੇ ਹਨ ?

(A) X (B) Y (C) Z (D) Y ਜਾਂ Z

**107.** If an individual's salary falls by 50% and subsequently increases by 50%. How much percent does he lose ?

(A) 10 (B) 50 (C) 25 (D) 100

ਜੇਕਰ ਕਿਸੇ ਵਿਅਕਤੀ ਦੀ ਤਨਖਾਹ 50% ਘਟਦੀ ਹੈ ਅਤੇ ਬਾਅਦ ਵਿੱਚ 50% ਵਧਦੀ ਹੈ। ਉਸ ਨੂੰ ਕਿੰਨੇ ਪ੍ਰਤੀਸ਼ਤ ਨੁਕਸਾਨ ਹੁੰਦਾ ਹੈ ?

(A) 10 (B) 50 (C) 25 (D) 100

**108.** Ajay makes a payment of Rs 20 for each day Vijay works, and forfeits Rs 3 for each day Vijay is idle. At the end of sixty days, Vijay receives Rs. 280. For how many days did Vijay remain idle ?

(A) 30 Days (B) 40 Days (C) 50 Days (D) 60 Days

ਵਿਜੇ ਦੇ ਕੰਮ ਕਰਨ ਵਾਲੇ ਹਰ ਦਿਨ ਲਈ ਅਜੈ 20 ਰੁਪਏ ਦਾ ਭੁਗਤਾਨ ਕਰਦਾ ਹੈ, ਅਤੇ ਵਿਜੇ ਦੇ ਵਿਹਲੇ ਰਹਿਣ ਵਾਲੇ ਹਰ ਦਿਨ ਲਈ 3 ਰੁਪਏ ਜ਼ਬਤ ਕਰਦਾ ਹੈ। ਸੱਠ ਦਿਨਾਂ ਦੇ ਅੰਤ 'ਤੇ, ਵਿਜੇ ਨੂੰ 280 ਰੁਪਏ ਮਿਲਦੇ ਹਨ। ਵਿਜੇ ਕਿੰਨੇ ਦਿਨ ਵਿਹਲਾ ਰਿਹਾ ?

(A) 30 ਦਿਨ (B) 40 ਦਿਨ (C) 50 ਦਿਨ (D) 60 ਦਿਨ

**109.** If the sum of two numbers is 20 and the sum of their squares is 208, the number will be :

(A) 6, 14 (B) 9, 11 (C) 4, 16 (D) 8, 12

ਜੇਕਰ ਦੋ ਸੰਖਿਆਵਾਂ ਦਾ ਜੋੜ 20 ਹੈ ਅਤੇ ਉਹਨਾਂ ਦੇ ਵਰਗਾਂ ਦਾ ਜੋੜ 208 ਹੈ, ਤਾਂ ਸੰਖਿਆ ਇਹ ਹੋਵੇਗੀ:

(A) 6,14 (B) 9, 11 (C) 4, 16 (D) 8, 12

**110.** If the ratio of the two numbers is 3:4. LCM of these numbers is 72. Find the smaller of two numbers.

(A) 12 (B) 6 (C) 18 (D) 24

ਜੇਕਰ ਦੋ ਸੰਖਿਆਵਾਂ ਦਾ ਅਨੁਪਾਤ 3:4 ਹੈ। ਇਹਨਾਂ ਸੰਖਿਆਵਾਂ ਦਾ ਲਘੁਤਮ ਸਮਾਪਵਰਤਕ 72 ਹੈ। ਦੋ ਸੰਖਿਆਵਾਂ ਵਿੱਚੋਂ ਛੋਟਾ ਲੱਭੋ।

(A) 12 (B) 6 (C) 18 (D) 24

**(Questions 111-114) :** The percentage distribution of total expenditure of Aman Private Limited Company under various expense heads during 2025 has been presented in the bar graph given below :

**(ਸਵਾਲ 111-114) :** 2025 ਦੌਰਾਨ ਵੱਖ-ਵੱਖ ਖਰਚਿਆਂ ਦੇ ਸਿਰਲੇਖਾਂ ਅਧੀਨ ਅਮਨ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਕੁੱਲ ਖਰਚਿਆਂ ਦੀ ਪ੍ਰਤੀਸ਼ਤ ਵੰਡ ਹੇਠਾਂ ਦਿੱਤੇ ਬਾਰ ਗ੍ਰਾਫ ਵਿੱਚ ਪੇਸ਼ ਕੀਤੀ ਗਈ ਹੈ:




**111.** The expenditure on the interest on loans is by what percent more than the expenditure on transport ?

(A) 20% (B) 30% (C) 40% (D) 50%

ਕਰਜ਼ਿਆਂ 'ਤੇ ਵਿਆਜ 'ਤੇ ਖਰਚਾ ਆਵਾਜਾਈ 'ਤੇ ਖਰਚੇ ਨਾਲੋਂ ਕਿੰਨੇ ਪ੍ਰਤੀਸ਼ਤ ਵੱਧ ਹੈ ?

(A) 20% (B) 30% (C) 40% (D) 50%

**112.** The total amount of expenditures of Aman Private Ltd. Company is how many times of its expenditures on Research and Development (R&D) ?

(A) 10 (B) 20 (C) 18 (D) 12

ਅਮਨ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਕੁੱਲ ਖਰਚਿਆਂ ਦੀ ਰਕਮ ਖੋਜ ਅਤੇ ਵਿਕਾਸ (R&D) 'ਤੇ ਉਸ ਦੇ ਖਰਚਿਆਂ ਦਾ ਕਿੰਨੇ ਗੁਣਾ ਹੈ ?

(A) 10 (B) 20 (C) 18 (D) 12

**113.** If the expenditure on advertisement is ₹ 2.10 crore, then the difference between the expenditure on transport and taxes is______.

(A) 35 Lakhs (B) 65 Lakhs (C) 36 Lakhs (D) 1.25 Lakhs

ਜੇਕਰ ਇਸ਼ਤਿਹਾਰ 'ਤੇ ਖਰਚਾ 2.10 ਕਰੋੜ ਰੁਪਏ ਹੈ, ਤਾਂ ਆਵਾਜਾਈ ਅਤੇ ਟੈਕਸਾਂ 'ਤੇ ਖਰਚੇ ਵਿੱਚ ਅੰਤਰ ______ ਹੈ।

(A) 35 ਲੱਖ (B) 65 ਲੱਖ (C) 36 ਲੱਖ (D) 1.25 ਲੱਖ

**114.** Find the ratio of total expenditure on infrastructure and transport to the total expenditure on taxes and interest on loans.

(A) 9:13 (B) 13:11 (C) 13:15 (D) 5:13

ਬੁਨਿਆਦੀ ਢਾਂਚੇ ਅਤੇ ਆਵਾਜਾਈ 'ਤੇ ਕੁੱਲ ਖਰਚੇ ਦਾ ਟੈਕਸਾਂ ਅਤੇ ਕਰਜ਼ਿਆਂ 'ਤੇ ਵਿਆਜ ਦੇ ਕੁੱਲ ਖਰਚੇ ਨਾਲ ਅਨੁਪਾਤ ਲੱਭੋ।

(A) 9:13 (B) 13:11 (C) 13:15 (D) 5:13

115. What should come in place of question mark in the following series ?
600, 519, ?, 406, 370, 345, 329.
(A) 445 (B) 425 (C) 435 (D) 455
ਹੇਠ ਲਿਖੀ ਲੜੀ ਵਿੱਚ ਪ੍ਰਸ਼ਨ ਚਿੰਨ੍ਹ ਦੀ ਥਾਂ ਕੀ ਆਉਣਾ ਚਾਹੀਦਾ ਹੈ ?
600, 519, ?, 406, 370, 345, 329.
(A) 445 (B) 425 (C) 435 (D) 455

116. If in each number given below, the first and second digits are interchanged, which of the following will be the third lowest number ?

| | | | | |
|---|---|---|---|---|
| 374 | 659 | 821 | 945 | 247 |

(A) 945 (B) 821 (C) 659 (D) 374
ਜੇਕਰ ਹੇਠਾਂ ਦਿੱਤੀ ਗਈ ਹਰੇਕ ਸੰਖਿਆ ਵਿੱਚ, ਪਹਿਲੇ ਅਤੇ ਦੂਜੇ ਅੰਕਾਂ ਨੂੰ ਆਪਸ ਵਿੱਚ ਬਦਲਿਆ ਜਾਂਦਾ ਹੈ, ਤਾਂ ਇਹਨਾਂ ਵਿੱਚੋਂ ਕਿਹੜੀ ਤੀਜੀ ਸਭ ਤੋਂ ਛੋਟੀ ਸੰਖਿਆ ਹੋਵੇਗੀ ?

| | | | | |
|---|---|---|---|---|
| 374 | 659 | 821 | 945 | 247 |

(A) 945 (B) 821 (C) 659 (D) 374

117. In this question, two statements are given. Answer the question by deciding whether the data provided in the statements are sufficient to answer the question.
**Question :** How many daughters does L have ?
**Statements :**
I. L has four children.
II. M and N are sisters of O who is son of L.
(A) Data provided in Statement I alone is sufficient to answer the question.
(B) Data provided in Statement II alone is sufficient to answer the question.
(C) Data provided in both the statements I & II together are sufficient to answer the question.
(D) Data provided in both the statements I & II together are not sufficient to answer the question.
ਇਸ ਪ੍ਰਸ਼ਨ ਵਿੱਚ, ਦੋ ਕਥਨ ਦਿੱਤੇ ਗਏ ਹਨ। ਇਹ ਫੈਸਲਾ ਕਰਕੇ ਪ੍ਰਸ਼ਨ ਦਾ ਉੱਤਰ ਦਿਓ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡੇਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ।
**ਪ੍ਰਸ਼ਨ :** L ਦੀਆਂ ਕਿੰਨੀਆਂ ਧੀਆਂ ਹਨ ?
**ਕਥਨ :**
I. L ਦੇ ਚਾਰ ਬੱਚੇ ਹਨ।
II. M ਅਤੇ N, O ਦੀਆਂ ਭੈਣਾਂ ਹਨ ਜੋ L ਦਾ ਪੁੱਤਰ ਹੈ।
(A) ਕਥਨ I ਵਿੱਚ ਦਿੱਤਾ ਗਿਆ ਡੇਟਾ ਹੀ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਹੈ।
(B) ਕਥਨ II ਵਿੱਚ ਦਿੱਤਾ ਗਿਆ ਡੇਟਾ ਹੀ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਹੈ।
(C) ਕਥਨ I ਅਤੇ II ਦੋਵਾਂ ਵਿੱਚ ਦਿੱਤਾ ਗਿਆ ਡੇਟਾ ਇਕੱਠੇ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਹੈ।
(D) ਕਥਨ I ਅਤੇ II ਦੋਵਾਂ ਵਿੱਚ ਦਿੱਤਾ ਗਿਆ ਡੇਟਾ ਇਕੱਠੇ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਨਹੀਂ ਹੈ।

## ਪੰਜਾਬੀ ਭਾਸ਼ਾ
## (ਪ੍ਰਸ਼ਨ ਨੰਬਰ: 118-130)

118. "ਜਿਉਂਦੇ ਮਰ ਜਾਣਾ" ਮੁਹਾਵਰੇ ਦਾ ਅਰਥ ਹੈ:
(A) ਜਿਉਂਣਾ ਮੁਸ਼ਕਲ ਕਰ ਦੇਣਾ
(B) ਬਹੁਤ ਦੁਖੀ ਹੋਣਾ
(C) ਸਖ਼ਤ ਮਿਹਨਤ ਕਰਨੀ
(D) ਬਹੁਤ ਜ਼ਿਆਦਾ ਸ਼ਰਮਿੰਦੇ ਹੋਣਾ

119. "ਡੁੱਬੀ ਤਾਂ ਜੇ..." ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:
(A) ਸਾਹ ਨਾ ਆਇਆ
(B) ਮਲਾਹ ਨਾ ਆਇਆ
(C) ਬਚਾਉਣ ਨਾ ਆਇਆ
(D) ਤੈਰਨਾ ਨਾ ਆਇਆ

120. ਜੋ ਆਮ ਜਿਹਾ ਨਾ ਹੋਵੇ ਖ਼ਾਸ ਹੋਵੇ, ਉਸ ਲਈ ਸ਼ਬਦ ਵਰਤਿਆ ਜਾਂਦਾ ਹੈ।
(A) ਵਿਲੱਖਣ (B) ਪਰਉਪਕਾਰੀ (C) ਨੇਤਾ (D) ਨਿਰਪੱਖ

121. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ-ਜੋੜ ਠੀਕ ਹੈ:
(A) ਉਪਯੁਕਤ (B) ਇਕੈਹਰਾ (C) ਅਕਾਸ (D) ਕਚੈਹਰੀ

122. 'ਅਨੰਤ' ਸ਼ਬਦ ਵਿਚ ਅਗੇਤਰ ਹੈ:
(A) ਅ (B) ਅਨ (C) ਅਨੰ (D) ਅੰਤ

123. 'ਚੜ੍ਹਾਈ' ਸ਼ਬਦ ਵਿਚ ਪਿਛੇਤਰ ਹੈ:
(A) ਆ (B) ਈ (C) ਆਈ (D) ੜ੍ਹਾਈ

124. 'ਉਜੱਡ' ਸ਼ਬਦ ਦਾ ਸਮਾਨਾਰਥਕ ਸ਼ਬਦ ਹੈ:
(A) ਉਪਰਾਲਾ (B) ਅੱਖੜ (C) ਉਪਮਾ (D) ਸ਼ਲਾਘਾ

125. 'ਸੰਘਣਾ' ਸ਼ਬਦ ਦਾ ਵਿਰੋਧਾਰਥਕ ਸ਼ਬਦ ਹੈ:
(A) ਖ਼ਾਸ (B) ਵਿਰਲਾ (C) ਸੁੱਚਾ (D) ਅੰਦਰਲਾ

126. 'ਪੱਥਰ' ਸ਼ਬਦ ਨਾਂਵ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ?
(A) ਖ਼ਾਸ ਨਾਂਵ
(B) ਆਮ ਨਾਂਵ
(C) ਇੱਕਠਵਾਚਕ ਨਾਂਵ
(D) ਵਸਤੂਵਾਚਕ ਨਾਂਵ

127. ਪੁਰਖਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
(A) ਦੋ (B) ਤਿੰਨ (C) ਚਾਰ (D) ਪੰਜ

128. "ਪੰਛੀ ਉੱਡਦਾ ਹੈ।" ਵਾਕ ਵਿਚ ਕਿਰਿਆ ਦਾ ਰੂਪ ਦੱਸੋ :
(A) ਪ੍ਰੇਰਨਾਰਥਕ ਕਿਰਿਆ
(B) ਸੰਜੁਗਤ ਕਿਰਿਆ
(C) ਸਕਰਮਕ ਕਿਰਿਆ
(D) ਅਕਰਮਕ ਕਿਰਿਆ

129. 'ਨਨਿਅਹੁਰਾ' ਸ਼ਬਦ ਦਾ ਇਸਤਰੀ ਲਿੰਗ ਹੈ:
(A) ਨਨੇਹਸ (B) ਨਨੇਹਰ (C) ਨਨੇਹਸੀ (D) ਨਨਿਅਹੁਰੀ

130. 'ਕਨਸੋ' ਸ਼ਬਦ ਦਾ ਬਹੁਵਚਨ ਚੁਣੋ:
(A) ਕਨਸੂਆਂ (B) ਕਨਸੂਇਆਂ (C) ਕਨਸੋਆਂ (D) ਕਨਸੋਂਆਂ

## English

**131.** Choose the one-word substitute for 'that which cannot be avoided'.
(A) Illegible (B) Inevitable
(C) Philanthropic (D) Misanthropic

**132.** The correct spelling of the one-word for 'the person who writes books' is :
(A) Writter (B) Writtr (C) Writer (D) Righter

**133.** The correct spelling of the one-word for 'something which is required' is :
(A) Necessary (B) Neccessary (C) Necceeessary (D) Nacessary

**134.** My sister was unwell since she ______ contracted measles.
(A) did (B) do (C) had (D) have

**135.** She had been suffering from fever _____ last Monday.
(A) since (B) for (C) at (D) in

**136.** Choose an antonym for 'begin'.
(A) benign (B) professional (C) end (D) real

**137.** Choose an antonym for 'truth'.
(A) clarity (B) purity (C) black (D) falsehood

**138.** Choose a synonym for 'enormous'.
(A) ill (B) big (C) clear (D) dedicated

**139.** Choose a synonym for 'impoverished'.
(A) powerful (B) poor (C) important (D) immune

**140.** What does the idiom 'call it a day' stand for ?
(A) Very easy (B) Stop working
(C) Wait for a moment (D) Not important

**141.** What does the idiom 'break the ice' stand for ?
(A) To face a difficult situation (B) Work late night
(C) To face responsibility (D) To start a conversation

**142.** Choose the one-word word substitute for 'a government by the people'.
(A) Bibliophile (B) Autocracy (C) Democracy (D) Monarchy

143. What does the '$' symbol do in an Excel formula ?
(A) Makes the reference relative
(B) Create absolute or mixed cell references
(C) Deletes the cell
(D) Copies the cell
ਐਕਸਲ ਫਾਰਮੂਲੇ ਵਿੱਚ '$' ਚਿੰਨ੍ਹ ਕੀ ਕਰਦਾ ਹੈ ?
(A) ਸੰਦਰਭ ਨੂੰ ਅਨੁਸਾਰੀ ਬਣਾਉਂਦਾ ਹੈ (B) ਸੰਪੂਰਨ ਜਾਂ ਮਿਸ਼ਰਤ ਸੈੱਲ ਸੰਦਰਭ ਸਿਰਜਦਾ ਹੈ
(C) ਸੈੱਲ ਨੂੰ ਮਿਟਾਉਂਦਾ ਹੈ (D) ਸੈੱਲ ਦੀ ਨਕਲ ਕਰਦਾ ਹੈ

144. Which Excel function removes leading and trailing spaces from text ?
(A) REMOVE() (B) TRIM()
(C) DELETE() (D) TRUNCATE()
ਕਿਹੜਾ ਐਕਸਲ ਪ੍ਰਕਾਰਜ ਟੈਕਸਟ ਤੋਂ ਲੀਡਿੰਗ ਅਤੇ ਟ੍ਰੇਲਿੰਗ ਸਪੇਸ ਨੂੰ ਹਟਾਉਂਦਾ ਹੈ ?
(A) REMOVE() (B) TRIM()
(C) DELETE() (D) TRUNCATE()

145. Which of the following is a volatile memory ?
(A) ROM (B) HARD DISK (C) RAM (D) CD-ROM
ਇਹਨਾਂ ਵਿੱਚੋਂ ਕਿਹੜੀ ਇੱਕ ਅਸਥਿਰ ਮੈਮੋਰੀ ਹੈ ?
(A) ROM (B) ਹਾਰਡ ਡਿਸਕ (C) RAM (D) CD-ROM

146. Which of the following is a secure protocol for transferring data over the internet ?
(A) HTTP (B) FTP (C) HTTPS (D) TCP/IP
ਇਹਨਾਂ ਵਿੱਚੋਂ ਕਿਹੜਾ ਇੰਟਰਨੈੱਟ 'ਤੇ ਡੇਟਾ ਤਬਦੀਲ ਕਰਨ ਲਈ ਇੱਕ ਸੁਰੱਖਿਅਤ ਪ੍ਰੋਟੋਕੋਲ ਹੈ ?
(A) HTTP (B) FTP (C) HTTPS (D) TCP/IP

147. Which device is used to input data into a computer ?
(A) Scanner (B) Monitor (C) Plotter (D) Speaker
ਕੰਪਿਊਟਰ ਵਿੱਚ ਡੇਟਾ ਨਿਵੇਸ਼ ਕਰਨ ਲਈ ਕਿਹੜਾ ਯੰਤਰ ਵਰਤਿਆ ਜਾਂਦਾ ਹੈ ?
(A) ਸਕੈਨਰ (B) ਮਾਨੀਟਰ (C) ਪਲਾਟਰ (D) ਸਪੀਕਰ

148. What is the shortcut key to Italic text in MS Word ?
(A) Ctrl + B (B) Ctrl + I (C) Ctrl + C (D) Ctrl + D
MS Word ਵਿੱਚ ਇਟਾਲਿਕ ਟੈਕਸਟ ਲਈ ਸ਼ਾਰਟਕੱਟ ਕੁੰਜੀ ਕਿਹੜੀ ਹੈ ?
(A) Ctrl + B (B) Ctrl + I (C) Ctrl + C (D) Ctrl + D

149. Which topology connects all devices in a single line ?
(A) Star (B) Ring (C) Bus (D) Mesh
ਕਿਹੜੀ ਬਣਤਰ ਸਾਰੇ ਯੰਤਰਾਂ ਨੂੰ ਇੱਕ ਲਾਈਨ ਵਿੱਚ ਜੋੜਦੀ ਹੈ ?
(A) ਸਟਾਰ (B) ਰਿੰਗ (C) ਬੱਸ (D) ਮੇਸ਼

150. What is the shortcut key to start a PowerPoint slideshow ?
(A) F2 (B) F3 (C) F7 (D) F5
ਪਾਵਰਪੁਆਇੰਟ ਸਲਾਈਡਸ਼ੋ ਸ਼ੁਰੂ ਕਰਨ ਲਈ ਸ਼ਾਰਟਕੱਟ ਕੁੰਜੀ ਕਿਹੜੀ ਹੈ ?
(A) F2 (B) F3 (C) F7 (D) F5